# ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ ਵਿਭਾਗ ਪੰਜਾਬ

(ਪੁੱਡਾ ਭਵਨ, ਸੈਕਟਰ-62, ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ. ਨਗਰ, ਮੋਹਾਲੀ।
ਨੰ. ਗਮਾਡਾ-ਐਲ.ਏ.ਸੀ.2026/
ਮਿਤੀ:

ਵਿਸ਼ਾ- **ਐਸ.ਏ.ਐਸ. ਨਗਰ ਵਿਖੇ ਵਪਾਰਕ ਬੁਨਿਆਦੀ ਢਾਂਚੇ ਲਈ ਸੈਕਟਰ-87 ਦੀ ਸਥਾਪਨਾ ਲਈ ਭੌਂ ਪ੍ਰਾਪਤ ਕਰਨ ਬਾਰੇ ਧਾਰਾ 7 ਅਧੀਨ ਐਕਸਪਰਟ ਗਰੁੱਪ ਦੀਆਂ ਸਿਫਾਰਸਾਂ ਡਿਸਕਲੋਜ਼ ਕਰਨ ਸਬੰਧੀ।**

ਦੱਸਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਸਕੀਮ ਲਈ ਨਿਮਨ ਪਿੰਡ ਦੀ ਐਕਵਾਇਰ ਕੀਤੀ ਜਾ ਰਹੀ ਭੌਂ ਸਬੰਧੀ ਪ੍ਰਾਪਤ ਹੋਈ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਲਈ ਪੰਜਾਬ ਸਰਕਾਰ ਵੱਲੋਂ The Right to Fair Compensation and Transparency in Land Acquisition , Rehabilitation and Resettlement Act,2013 ਦੀ ਧਾਰਾ 7 ਤਹਿਤ ਗਠਿਤ ਕੀਤੇ ਐਕਸਪਰਟ ਗਰੁੱਪ ਵੱਲੋਂ ਘੋਖ ਕੀਤੀ ਗਈ:-

**ਪਿੰਡਾਂ ਦੇ ਨਾਮ**

ਮਾਣਕ ਮਾਜਰਾ, ਨਾਨੂੰ ਮਾਜਰਾ, ਸੰਭਾਲਕੀ ਅਤੇ ਸੋਹਾਣਾ

ਐਕਸਪਰਟ ਗਰੁੱਪ ਦਾ ਵਿਚਾਰ ਹੈ ਕਿ

1. ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾ ਰਹੀ ਭੌਂ ਨਾਲ ਪਬਲਿਕ ਮੰਤਵ ਪੂਰਾ ਹੁੰਦਾ ਹੈ।
2. ਸੰਭਾਵਿਤ ਲਾਭ ਸਮਾਜਿਕ ਲਾਗਤਾਂ ਅਤੇ ਪ੍ਰਤੀਕੂਲ ਸਮਾਜਿਕ ਪ੍ਰਭਾਵਾਂ ਨਾਲੋਂ ਜ਼ਿਆਦਾ ਹਨ।
3. ਕਿਉਂਜੋ ਇਸ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਘੱਟ ਤੋਂ ਘੱਟ ਹੈ।

ਇਸ ਲਈ ਸਾਰਾ ਮਾਮਲਾ ਵਿਚਾਰਨ/ਘੋਖਣ ਉਪਰੰਤ ਇਸ ਪ੍ਰੋਜੈਕਟ ਲਈ ਤਜਵੀਜ ਕੀਤੀ ਭੌਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਭੌਂ ਪ੍ਰਾਪਤੀ ਕੁਲੈਕਟਰ

**ਪਿੱਠ ਅੰਕਣ ਨੰ. ਗਮਾਡਾ -ਐਲ.ਏ.ਸੀ.2026/** 1848. **ਮਿਤੀ:** 10/2/26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ :-

1. ਸਬ- ਡਵੀਜਨਲ ਮੈਜਿਸਟਰੇਟ,ਮੋਹਾਲੀ।
2. ਤਹੀਸੀਲਦਾਰ, ਮੋਹਾਲੀ।
3. ਸਰਪੰਚ ਪਿੰਡ ਮਾਣਕ ਮਾਜਰਾ, ਨਾਨੂੰ ਮਾਜਰਾ, ਸੰਭਾਲਕੀ ਅਤੇ ਸੋਹਾਣਾ ਨੂੰ ਕਿਹਾ ਜਾਂਦਾ ਹੈ ਕਿ ਇਸ ਪੱਤਰ ਦੀ ਨਕਲ ਪਿੰਡ ਦੀਆਂ ਮਸਹੂਰ ਥਾਂਵਾਂ ਜਿਵੇਂ ਕਿ ਗੁਰਦੁਆਰਾ ਸਾਹਿਬ, ਮੰਦਿਰ, ਮਸਜਿਦ, ਜੰਜ ਘਰ,ਆਦ ਦੇ ਨੋਟਿਸ ਬੋਰਡ ਤੇ ਚਸਪਾ ਕਰਵਾਈ ਜਾਵੇ।
4. ਮਿਊਸਿੰਪਲ ਕਾਰਪੋਰੇਸ਼ਨ, ਮੋਹਾਲੀ।
5. ਜੀ.ਐਮ. ( ਆਈ.ਟੀ), ਗਮਾਡਾ ਨੂੰ ਇਹ ਪੱਤਰ ਗਮਾਡਾ ਦੀ ਵੈਬ-ਸਾਇਟ ਤੇ ਅਪ-ਲੋਡ ਕਰਨ ਲਈ।
6. ਸੁਪਰਡੰਟ ਹਾਊਸਿੰਗ-1 (ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ) ਨੂੰ ਅਗਲੇਰੀ ਕਾਰਵਾਈ ਹਿੱਤ।

ਭੌਂ ਪ੍ਰਾਪਤੀ ਕੁਲੈਕਟਰ

Scanned with OKEN Scanner